# ਸ਼ਿੰਗਲਜ਼ ਵੈਕਸੀਨ
# Shingles Vaccine

ਬਿਮਾਰੀਆਂ ਤੋਂ ਬਚਾਉਣ ਲਈ ਟੀਕਾਕਰਣ ਨੇ ਪਿਛਲੇ 50 ਸਾਲਾਂ ਵਿੱਚ ਕੈਨੇਡਾ ਵਿੱਚ ਸਿਹਤ ਸੰਬੰਧੀ ਕਿਸੇ ਵੀ ਹੋਰ ਜਤਨ ਨਾਲੋਂ ਜਿਆਦਾ ਜਾਨਾਂ ਬਚਾਈਆਂ ਹਨ।

## ਸ਼ਿੰਗਲਜ਼ ਵੈਕਸੀਨ ਕੀ ਹੈ?

ਸ਼ਿੰਗਲਜ਼ ਦੀ ਵੈਕਸੀਨ, ਸ਼ਿੰਗਰਿਕਸ (Shingrix®) ਸ਼ਿੰਗਲਜ਼ ਤੋਂ ਬਚਾਉਂਦੀ ਹੈ। ਸ਼ਿੰਗਲਜ਼ ਵੈਰੀਸੈਲਾ-ਜ਼ੋਸਟਰ ਵਾਇਰਸ ਦੇ ਕਾਰਨ ਹੁੰਦਾ ਹੈ, ਜੋ ਚਿਕਨਪੌਕਸ ਹੋਣ ਦਾ ਕਾਰਨ ਹੈ। ਸ਼ਿੰਗਰਿਕਸ (Shingrix®) ਇੱਕ ਲਾਈਵ ਵਾਇਰਸ ਵੈਕਸੀਨ ਨਹੀਂ ਹੈ ਅਤੇ ਤੁਹਾਨੂੰ ਸ਼ਿੰਗਲਜ਼ ਜਾਂ ਚਿਕਨਪੌਕਸ ਨਹੀਂ ਦੇ ਸਕਦਾ ਹੈ। ਇਹ ਵੈਕਸੀਨ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹੈ।

## ਸ਼ਿੰਗਲਜ਼ ਵੈਕਸੀਨ ਕਿਸ ਨੂੰ ਲੈਣੀ ਚਾਹੀਦੀ ਹੈ?

ਸ਼ਿੰਗਰਿਕਸ (Shingrix®) ਦੀ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਾਲਗਾਂ ਲਈ ਸਿਫਾਰਸ਼ ਕੀਤੀ ਜਾਂਦੀ ਹੈ। ਇਸ ਵਿੱਚ ਸ਼ਾਮਲ ਹੈ, ਜੇਕਰ:

- ਤੁਹਾਨੂੰ ਸ਼ਿੰਗਲਜ਼ ਹੋ ਚੁੱਕਾ ਹੈ
- ਤੁਹਾਨੂੰ ਇੱਕ ਲਾਈਵ ਵਾਇਰਸ ਸ਼ਿੰਗਲਜ਼ ਵੈਕਸੀਨ ਲੱਗੀ ਹੈ। ਜੇਕਰ ਤੁਹਾਨੂੰ ਲਾਈਵ ਵਾਇਰਸ ਸ਼ਿੰਗਲਸ ਵੈਕਸੀਨ ਲੱਗੀ ਹੈ ਤਾਂ ਤੁਹਾਨੂੰ ਸ਼ਿੰਗਰਿਕਸ (Sihngirx®) ਲੈਣ ਤੋਂ ਪਹਿਲਾਂ ਘੱਟੋ-ਘੱਟ 1 ਸਾਲ ਉਡੀਕ ਕਰਨੀ ਚਾਹੀਦੀ ਹੈ। ਲਾਈਵ ਵਾਇਰਸ ਸ਼ਿੰਗਲਜ਼ ਵੈਕਸੀਨਾਂ ਹੁਣ ਕੈਨੇਡਾ ਵਿੱਚ ਉਪਲਬਧ ਨਹੀਂ ਹਨ
- ਤੁਹਾਨੂੰ ਨਿਸ਼ਚਿਤ ਨਹੀਂ ਹੈ ਕਿ ਕੀ ਤੁਹਾਨੂੰ ਅਤੀਤ ਵਿੱਚ ਚਿਕਨਪੌਕਸ (ਵੈਰੀਸੈਲਾ) ਦੀ ਲਾਗ ਹੋਈ ਸੀ

ਕਮਜ਼ੋਰ ਇਮਿਊਨ ਸਿਸਟਮ ਵਾਲੇ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕ ਵੀ ਵੈਕਸੀਨ ਲਗਵਾ ਸਕਦੇ ਹਨ।

## ਮੈਂ ਸ਼ਿੰਗਲਜ਼ ਵੈਕਸੀਨ ਕਿਸ ਤਰ੍ਹਾਂ ਪ੍ਰਾਪਤ ਕਰ ਸਕਦਾ/ਦੀ ਹਾਂ?

ਤੁਸੀਂ ਜਿਆਦਾਤਰ ਫਾਰਮੇਸੀਆਂ ਅਤੇ ਟ੍ਰੈਵਲ ਕਲੀਨਿਕਾਂ 'ਤੇ ਸ਼ਿੰਗਲਜ਼ ਵੈਕਸੀਨ ਖਰੀਦ ਸਕਦੇ ਹੋ।

ਵੈਕਸੀਨ 2 ਖੁਰਾਕਾਂ ਦੀ ਲੜੀ ਵਜੋਂ, 2 ਤੋਂ 6 ਮਹੀਨਿਆਂ ਦੇ ਵਕਫੇ ਤੇ ਦਿੱਤੀ ਜਾਂਦੀ ਹੈ, ਅਤੇ ਇਸਦੀ ਲਾਗਤ ਲਗਭਗ $160/ਖੁਰਾਕ ਹੈ। ਕੁਝ ਸਿਹਤ ਬੀਮਾ ਯੋਜਨਾਵਾਂ ਵੈਕਸੀਨ ਦੀ ਲਾਗਤ ਨੂੰ ਪੂਰਾ ਕਰ ਸਕਦੀਆਂ ਹਨ। ਆਪਣੇ ਪ੍ਰਦਾਤਾ ਨਾਲ ਚੈੱਕ ਕਰੋ।

## ਸ਼ਿੰਗਲਜ਼ ਵੈਕਸੀਨ ਦੇ ਕੀ ਲਾਭ ਹਨ?

ਸ਼ਿੰਗਲਜ਼ ਵੈਕਸੀਨ ਤੁਹਾਨੂੰ ਸ਼ਿੰਗਲਜ਼ ਹੋਣ ਤੋਂ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ। ਇਹ ਵੈਕਸੀਨ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਾਲਗਾਂ ਵਿੱਚ ਸ਼ਿੰਗਲਜ਼ ਦੇ 90 percent ਤੋਂ ਵੱਧ ਮਾਮਲਿਆਂ ਨੂੰ ਰੋਕਦੀ ਹੈ। ਕਮਜ਼ੋਰ ਇਮਿਊਨ ਸਿਸਟਮ ਵਾਲੇ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਾਲਗਾਂ ਵਿੱਚ, ਵੈਕਸੀਨ ਸ਼ਿੰਗਲਜ਼ ਦੇ ਲਗਭਗ 70 percent-90 percent ਮਾਮਲਿਆਂ ਨੂੰ ਰੋਕਦਾ ਹੈ।

ਉਨ੍ਹਾਂ ਲੋਕਾਂ ਲਈ ਜਿੰਨ੍ਹਾਂ ਨੂੰ ਬਚਾਓ ਲਈ ਟੀਕਾ ਲਗਵਾਉਣ ਤੋਂ ਬਾਅਦ ਵੀ ਸ਼ਿੰਗਲਜ਼ ਹੋ ਜਾਂਦੀ ਹੈ, ਵੈਕਸੀਨ ਦਰਦ ਨੂੰ ਘਟਾ ਸਕਦੀ ਹੈ ਜਿਸ ਵਿੱਚ ਸ਼ਾਮਲ ਹੈ ਉਸ ਕਿਸਮ ਦਾ ਦਰਦ ਜੋ ਸ਼ਿੰਗਲਜ਼ ਤੋਂ ਬਾਅਦ ਵੀ ਹੁੰਦਾ ਰਹਿੰਦਾ ਹੈ।

## ਵੈਕਸੀਨ ਦੇ ਬਾਦ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਕੀ ਹਨ?

ਸ਼ਿੰਗਲਜ਼ ਵੈਕਸੀਨ ਬਹੁਤ ਸੁਰੱਖਿਅਤ ਹੈ। ਵੈਕਸੀਨ ਦੀਆਂ ਆਮ ਪ੍ਰਤੀਕ੍ਰਿਆਵਾਂ ਵਿੱਚ ਵੈਕਸੀਨ ਦਿੱਤੇ ਜਾਣ ਵਾਲੀ ਥਾਂ ਤੇ ਜਲਨ, ਲਾਲੀ ਜਾਂ ਸੋਜ ਸ਼ਾਮਲ ਹੋ ਸਕਦੇ ਹਨ। ਹੋਰ ਪ੍ਰਤੀਕਰਮਾਂ ਵਿੱਚ ਸਿਰ ਦਰਦ, ਬੁਖਾਰ, ਮਾਸਪੇਸ਼ੀ ਵਿੱਚ ਦਰਦ, ਥਕਾਵਟ, ਕੰਬਣੀ, ਮਤਲੀ, ਉਲਟੀਆਂ, ਦਸਤ ਅਤੇ ਪੇਟ ਦਰਦ ਸ਼ਾਮਲ ਹਨ।

> ਅਸੀਟਾਮੇਨੋਫੇਨ (Acetaminophen) (ਉਦਾਹਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen) (ਉਦਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ। ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਗਿਲਾਨ-ਬਾਰੇ ਸਿੰਡਰੋਮ (GBS) ਇੱਕ ਦੁਰਲੱਭ ਸਥਿਤੀ ਹੈ ਜਿਸਦੇ ਨਤੀਜੇ ਵਜੋਂ ਸਰੀਰ ਦੀਆਂ ਮਾਸਪੇਸ਼ੀਆਂ ਦੀ ਕਮਜ਼ੋਰੀ ਅਤੇ ਅਧਰੰਗ ਹੋ ਸਕਦਾ ਹੈ। GBS 1 ਮਿਲੀਅਨ ਵਿੱਚੋਂ ਲਗਭਗ 3 ਲੋਕਾਂ ਵਿੱਚ ਹੋ ਸਕਦਾ ਹੈ ਜੋ ਸ਼ਿੰਗਲਜ਼ ਵੈਕਸੀਨ ਲਗਾਉਂਦੇ ਹਨ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜਰੂਰੀ ਹੈ।ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ ਹੋ ਸਕਦੀ ਹੈ।ਵੈਕਸੀਨ ਲੈਣ ਵਾਲੇ 1 ਮਿਲੀਅਨ ਲੋਕਾਂ ਵਿੱਚੋਂ 1 ਤੋਂ ਵੀ ਘੱਟ ਲੋਕਾਂ ਵਿੱਚ ਅਜਿਹਾ ਹੁੰਦਾ ਹੈ। ਲੱਛਣਾਂ ਵਿੱਚ ਛਪਾਕੀ, ਸਾਹ ਲੈਣ ਵਿੱਚ ਮੁਸ਼ਕਲ, ਜਾਂ ਗਲੇ, ਜੀਭ ਜਾਂ ਬੁੱਲ੍ਹਾਂ ਦੀ ਸੋਜ ਸ਼ਾਮਲ ਹੋ ਸਕਦੀ ਹੈ। ਜੇਕਰ ਇਹ ਪ੍ਰਤੀਕਿਰਿਆ ਹੁੰਦੀ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਸ਼ਾਮਲ ਹੈ ਐਪੀਨੈਫਰਿੰਨ (ਐਡਰੇਨੇਲਿੰਨ) ਦੇਣਾ ਅਤੇ ਐਂਬੁਲੈਂਸ ਰਾਹੀਂ ਸਭ ਤੋਂ ਨਜ਼ਦੀਕੀ ਐਮਰਜੈਂਸੀ ਵਿਭਾਗ ਤੱਕ ਟਰਾਂਸਫਰ।ਜੇ ਅਜਿਹੇ ਲੱਛਣ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਦ ਵਿਕਸਤ ਹੁੰਦੇ ਹਨ, ਤਾਂ **9-1-1** ਜਾਂ ਸਥਾਨਕ ਐਮਰਜੈਂਸੀ ਨੰਬਰ ਉੱਤੇ ਫੋਨ ਕਰੋ।

ਹਮੇਸ਼ਾ ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਨੂੰ ਗੰਭੀਰ ਜਾਂ ਅਣਕਿਆਸੀਆਂ ਪ੍ਰਤੀਕ੍ਰਿਆਵਾਂ ਬਾਰੇ ਦੱਸੋ।

## ਸ਼ਿੰਗਲਜ਼ ਵੈਕਸੀਨ ਕਿਸ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ?

ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ ਜੇ ਤੁਹਾਨੂੰ:

- ਵੈਕਸੀਨ ਦੀ ਪਿਛਲੀ ਖੁਰਾਕ ਜਾਂ ਵੈਕਸੀਨ ਦੇ ਕਿਸੇ ਵੀ ਹਿੱਸੇ ਨਾਲ ਜਾਨਲੇਵਾ ਪ੍ਰਤੀਕ੍ਰਿਆ ਹੋਈ ਸੀ
- ਸ਼ਿੰਗਲਜ਼ ਹੈ
- ਤੁਸੀਂ ਗਰਭਵਤੀ ਹੋ ਜਾਂ ਬੱਚੇ ਨੂੰ ਦੁੱਧ ਪਿਲਾ ਰਹੇ ਹੋ
- ਗਿਲਾਨ ਬਾਰੇ ਸਿੰਡਰੋਮ ਦਾ ਇਤਿਹਾਸ ਹੈ

ਜ਼ੁਕਾਮ ਜਾਂ ਕਿਸੇ ਹੋਰ ਹਲਕੀ ਬਿਮਾਰੀ ਕਰਕੇ ਬਿਮਾਰੀਆਂ ਤੋਂ ਬਚਾਉਣ ਵਾਲੇ ਟੀਕੇ ਲਗਵਾਉਣ ਨੂੰ ਟਾਲਣ ਦੀ ਲੋੜ ਨਹੀਂ ਹੈ। ਪਰ, ਜੇ ਤੁਹਾਡੀਆਂ ਕੁਝ ਚਿੰਤਾਵਾਂ ਹਨ ਤਾਂ ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਨਾਲ ਗੱਲ ਕਰੋ।

## ਸ਼ਿੰਗਲਜ਼ ਕੀ ਹੈ?

ਸ਼ਿੰਗਲਜ਼ ਛਾਲਿਆਂ ਦੇ ਨਾਲ ਚਮੜੀ ਤੇ ਹੋਣ ਵਾਲਾ ਦਰਦਨਾਕ ਰੈਸ਼ ਹੈ।ਇਹ ਵੈਰੀਸੈਲਾ-ਜ਼ੋਸਟਰ ਵਾਇਰਸ ਦੇ ਕਾਰਨ ਹੁੰਦਾ ਹੈ, ਉਹੀ ਵਾਇਰਸ ਜੋ ਚਿਕਨਪੌਕਸ ਹੋਣ ਦਾ ਕਾਰਨ ਹੈ।ਚਿਕਨਪੌਕਸ ਹੋ ਚੁੱਕੇ ਕਈ ਲੋਕਾਂ ਵਿੱਚ, ਇਹ ਵਾਇਰਸ ਜੀਵਨ ਵਿੱਚ ਅਗੇ ਦੁਬਾਰਾ ਸਕ੍ਰਿਏ ਹੋ ਜਾਂਦਾ ਹੈ ਅਤੇ ਸ਼ਿੰਗਲਜ਼ ਦਾ ਕਾਰਨ ਬਣਦਾ ਹੈ।3 ਲੋਕਾਂ ਵਿੱਚੋਂ ਤਕਰੀਬਨ 1 ਨੂੰ ਜਿਨ੍ਹਾਂ ਨੂੰ ਵੈਕਸੀਨ ਨਹੀਂ ਲੱਗੀ ਹੈ ਉਨ੍ਹਾਂ ਦੇ ਜੀਵਨਕਾਲ ਵਿੱਚ ਸ਼ਿੰਗਲਜ਼ ਹੋਣਗੇ।

ਸ਼ਿੰਗਲਜ਼ 50 ਸਾਲ ਤੋਂ ਵੱਧ ਉਮਰ ਦੇ ਲੋਕਾਂ ਜਾਂ ਉਨ੍ਹਾਂ ਲੋਕਾਂ ਵਿੱਚ ਜਿਆਦਾ ਆਮ ਹੈ ਜਿੰਨਾਂ ਦੀਆਂ ਸਰੀਰ ਨੂੰ ਬਿਮਾਰੀ ਤੋਂ ਬਚਾਉਣ ਵਾਲੀਆਂ ਪ੍ਰਣਾਲੀਆਂ ਕਮਜ਼ੋਰ ਹੋ ਗਈਆਂ ਹਨ।

ਸ਼ਿੰਗਲਜ਼ ਆਮਤੌਰ ਤੇ ਚਿਹਰੇ ਜਾਂ ਸਰੀਰ ਦੇ ਇੱਕ ਪਾਸੇ ਰੈਸ਼ ਦੀ ਤਰ੍ਹਾਂ ਉਭਰਦਾ ਹੈ। ਰੈਸ਼ 2 ਤੋਂ 4 ਹਫਤਿਆਂ ਤੱਕ ਰਹਿ ਸਕਦਾ ਹੈ। ਰੈਸ਼ ਉਭਰਨ ਤੋਂ ਪਹਿਲਾਂ, ਕੁਝ ਲੋਕਾਂ ਨੂੰ ਚਮੜੀ ਵਿੱਚ ਦਰਦ, ਖੁਜਲੀ, ਜਾਂ ਝੁਣਝੁਣੀ ਦੀ ਅਨੁਭੂਤੀ ਹੋ ਸਕਦੀ ਹੈ। ਸ਼ਿੰਗਲਜ਼ ਦੇ ਦੂਸਰੇ ਸ਼ੁਰੂਆਤੀ ਲੱਛਣਾਂ ਵਿੱਚ ਸ਼ਾਮਲ ਹਨ ਬੁਖਾਰ, ਸਿਦਰਦ, ਮਤਲੀ ਅਤੇ ਕੰਬਣੀਆਂ। ਸ਼ਿੰਗਲਜ਼ ਦਾ ਸਭ ਤੋਂ ਆਮ ਲੱਛਣ ਹੈ ਦਰਦ, ਜੋ ਕਿ ਤੀਬਰ ਹੋ ਸਕਦਾ ਹੈ।

ਸ਼ਿੰਗਲਜ਼ ਦੇ ਸ਼ਿਕਾਰ ਹੋਣ ਵਾਲੇ 5 ਲੋਕਾਂ ਵਿੱਚੋਂ ਤਕਰੀਬਨ 1 ਨੂੰ ਤੀਬਰ ਦਰਦ ਹੋ ਸਕਦਾ ਹੈ ਜੋ ਰੈਸ਼ ਦੇ ਠੀਕ ਹੋ ਜਾਣ ਤੋਂ ਬਾਅਦ ਮਹੀਨਿਆਂ ਤੋਂ ਸਾਲਾਂ ਤੱਕ ਰਹਿ ਸਕਦਾ ਹੈ। ਇਸ ਨੂੰ ਪੋਸਟ ਹਰਪੇਟਿਕ ਨਯੂਰਲਜੀਆ (post-herpetic neuralgia) ਕਿਹਾ ਜਾਂਦਾ ਹੈ।

ਸ਼ਿੰਗਲਜ਼ ਦੀਆਂ ਵਿਰਲੀਆਂ ਜਟਿਲਤਾਵਾਂ ਵਿੱਚ ਸ਼ਾਮਲ ਹਨ ਨਿਮੋਨੀਆ, ਸੁਣਨ ਸ਼ਕਤੀ ਜਾਂ ਨਜ਼ਰ ਦਾ ਨਾਸ, ਚਮੜੀ ਤੇ ਨਿਸ਼ਾਨ (scarring), ਦਿਮਾਗ ਦੀ ਸੋਜ (ਏਨਸਿਫਾਲਾਇਟਸ) ਜਾਂ ਮੌਤ।

ਤੁਹਾਨੂੰ ਸ਼ਿੰਗਲਜ਼ ਵਾਲੇ ਕਿਸੇ ਵਿਅਕਤੀ ਕੋਲੋਂ ਸ਼ਿੰਗਲਜ਼ ਨਹੀਂ ਹੋ ਸਕਦਾ। ਪਰ, ਚਿਕਨਪੌਕਸ ਦਾ ਸ਼ਿਕਾਰ ਨਾ ਹੋਏ ਜਾਂ ਚਿਕਨਪੌਕਸ ਵੈਕਸੀਨ ਪ੍ਰਾਪਤ ਨਾ ਕੀਤੇ ਹੋਏ ਕਿਸੇ ਵਿਅਕਤੀ ਨੂੰ ਸ਼ਿੰਗਲਜ਼ ਵਾਲੇ ਕਿਸੇ ਵਿਅਕਤੀ ਕੋਲੋਂ ਚਿਕਨਪੌਕਸ ਹੋ ਜਾਣਾ ਸੰਭਵ ਹੈ। ਇਹ ਅਸਧਾਰਨ ਹੈ ਅਤੇ ਇਸ ਲਈ ਸ਼ਿੰਗਲਜ਼ ਦੇ ਛਾਲਿਆਂ ਦੇ ਵਿਚਲੇ ਦ੍ਰਵ ਦੇ ਨਾਲ ਸਿੱਧੇ ਸੰਪਰਕ ਦੀ ਲੋੜ ਹੈ।ਚਿਕਨਪੌਕਸ ਅਤੇ ਚਿਕਨਪੌਕਸ ਵੈਕਸੀਨ ਬਾਰੇ ਹੋਰ ਜਾਣਕਾਰੀ ਲਈ, HealthLinkBC File #44a ਛੋਟੀ ਮਾਤਾ ਸਬੰਧੀ ਤੱਥ ਅਤੇ HealthLinkBC File #44b ਚਿਕਨਪੌਕਸ (ਵੈਰੀਸੈਲਾ) ਵੈਕਸੀਨ ਦੇਖੋ।ਇਮਿਊਨਾਈਜ਼ੇਸ਼ਨ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਇਮਿਊਨਾਈਜ਼ ਬੀ.ਸੀ. ਦੀ ਇਹ ਵੈੱਬਸਾਈਟ https://immunizebc.ca/ ਦੇਖੋ।

BRITISH COLUMBIA | ImmunizeBC

BC Centre for Disease Control
Provincial Health Services Authority